# FAQ About WILL (Punjabi)

**Willjini Succession Services Pvt. Ltd.802, 8th Floor, Umarji House, Above Bank of Baroda, Teli Gally, Andheri (East), Mumbai – 400 069.**

"ਵਸੀਅਤ" ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

***ਪ੍ਰਸ਼ਨ 1. ਵਸੀਅਤ ਕੀ ਹੈ?***

ਉੱਤਰ ਵਸੀਅਤ ਕਿਸੀ ਵਿਅਕਤੀ ਦੀ ਦੋ ਗਵਾਹਾਂ ਦੀ ਮੌਜੂਦਗੀ ਵਿੱਚ ਲਿਖਤੀ ਘੋਸ਼ਣਾ ਹੈ ਕਿ ਉਸਦੀ ਮੌਤ ਦੇ ਬਾਅਦ ਉਸਦੀ ਜਾਇਦਾਦ, ਸੰਪਤੀ, ਧਨ ਨੂੰ ਪਰਵਾਰ, ਰਿਸ਼ਤੇਦਾਰਾਂ, ਬਾਹਰੀ ਲੋਕਾਂ, ਚੈਰਿਟੀ ਆਦਿ ਸਮੇਤ ਸਾਰੇ ਮਾਮਲੀਆਂ ਬਾਰੇ ਉਸਦੀ ਇੱਛਾ ਮੁਤਾਬਕ ਕਿਵੇਂ ਵੰਡ ਕੀਤੀ ਜਾਵੇ।

***ਪ੍ਰਸ਼ਨ 2. ਵਸੀਅਤ ਤਿਆਰ ਕਰਣ ਦਾ ਕੀ ਫਾਇਦਾ ਹੈ?***

**ਉੱਤਰ** - ਵਸੀਅਤ ਕਰਨ ਦੇ ਬਾਅਦ ਕੋਈ ਵਿਅਕਤੀ ਇਹ ਯਕੀਨੀ ਬਣਾ ਸਕਦਾ/ਸਕਦੀ ਹੈ ਕਿ ਉਸਦੀ ਮੌਤ ਦੇ ਬਾਅਦ ਉਸਦੀ **ਇੱਛਾ ਮੁਤਾਬਕ** ਉਸਦੇ ਪਰਵਾਰ ਵਿੱਚ ਉਸਦੀ ਸਾਰੀ ਸੰਪਤੀ ਦੀ ਵੰਡ ਬਗੈਰ ਕਿਸੀ ਕਾਨੂੰਨੀ ਵਿਵਾਦ ਜਾਂ ਪਰੇਸ਼ਾਨੀ ਤੋਂ ਹੋ ਜਾਵੇਗੀ। ਇਸ ਤੋਂ ਇਲਾਵਾ, ਜੇ ਤੁਸੀਂ ਆਪਣੇ ਕਿਸੇ ਰਿਸ਼ਤੇਦਾਰ/ਵਾਰਸ ਨੂੰ ਜਿਆਦਾ ਸੰਪਤੀ ਦੇਣਾ ਚਾਹੁੰਦੇ ਹੋ ਅਤੇ ਕਿਸੇ ਵਿਅਕਤੀ ਨੂੰ ਆਪਣੀ ਸੰਪਤੀ ਵਿੱਚੋਂ ਕੁਝ ਵੀ ਨਹੀਂ ਦੇਣਾ ਚਾਹੁੰਦੇ ਹੋ ਤਾਂ ਇਹ ਪੱਕਾ ਕਰਨ ਦਾ ਇਕੱਲਾ ਅਤੇ ਪਰਭਾਵੀ ਦਸਤਾਵੇਜ਼ ਵਸੀਅਤ ਹੈ। ਉਦਾਹਰਣ ਲਈ - ਜੇ ਕੋਈ ਵਿਅਕਤੀ ਅੰਗ ਦਾਨ ਕਰਨਾ, ਪਤਨੀ ਨੂੰ ਫਲੈਟ ਦੇਣਾ, ਕਿਸੇ ਪੁੱਤਰ/ਪੁੱਤਰੀ ਨੂੰ ਜਿਆਦਾ / ਘੱਟ ਹਿਸਾ ਦੇਣਾ, ਕੁਝ ਰਾਸ਼ੀ ਮਾਤਾ ਪਿਤਾ ਜਾਂ ਕਿਸੇ ਦੇਖਭਾਲਕਰਤਾ / ਮਿੱਤਰ ਆਦਿ ਨੂੰ ਦੇਣਾ ਚਾਹੁੰਦਾ ਹੈ - ਅਜਿਹੀ ਇੱਛਾਵਾਂ ਵਸੀਅਤ ਬਣਾ ਕਰ ਉਸਦੇ ਵਿੱਚ ਸ਼ਾਮਿਲ ਕੀਤੀ ਜਾਉਂਦੀਆਂ ਹਨ ਜੋ ਸਾਰੇ ਲੋਕਾਂ - ਪਰਵਾਰ, ਰਿਸ਼ਤੇਦਾਰਾਂ, ਸਾਰੇ ਕਾਨੂੰਨਾਂ, ਸਾਰੀ ਅਦਾਲਤਾਂ ਦੇ ਨਾਲ ਭਾਰਤ ਦੀ ਸੁਪ੍ਰੀਮ ਕੋਰਟ ਵੀ ਲਈ ਬੰਧਨਕਾਰੀ ਹੈ।

***ਪ੍ਰਸ਼ਨ 3. ਜੇ ਮੈਂ ਵਸੀਅਤ ਨਹੀਂ ਕਰਦਾ/ਕਰਦੀ ਹਾਂ ਤਾਂ ਕੀ ਹੋਵੇਗਾ?***

**ਉੱਤਰ** - ਜੇ ਕਿਸੇ ਵਿਅਕਤੀ ਦੀ ਮੌਤ ਬਗੈਰ ਵਸੀਅਤ (ਕਾਨੂੰਨੀ ਭਾਸ਼ਾ ਵਿੱਚ "ਬਗੈਰ ਵਸੀਅਤ ਕੀਤੇ" ਕਿਹਾ ਜਾਂਦਾ ਹੈ) ਬਣਾਏ ਹੋ ਜਾਂਦੀ ਹੈ, ਤਾਂ ਮਰੇ ਵਿਅਕਤੀ ਦੀ ਸਾਰੀ ਸੰਪਤੀ, ਜਾਇਦਾਦ, ਧਨ ਦੀ ਵੰਡ ਹਿੰਦੂ ਉਤਰਾਧਿਕਾਰ ਅਧਿਨਿਯਮ ਦੇ

ਮੁਤਾਬਕ ਉਸ ਤੇ **ਲਾਗੂ ਉਤਰਾਧਿਕਾਰ ਕਾਨੂੰਨ ਮੁਤਾਬਕ** ਕੀਤੀ ਜਾਂਦੀ ਹੈ। ਹਰ ਵਿਅਕਤੀ ਨੂੰ ਇਹ ਜਾਣਨਾ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਉਤਰਾਧਿਕਾਰ ਕਾਨੂੰਨਾਂ ਅਨੁਸਾਰ ਵਿਅਕਤੀ ਦੀ ਮੌਤ ਹੋਣ ਦੇ ਬਾਅਦ ਪਰਵਾਰ ਦੇ ਸਾਰੇ / ਬਹੁਤੇਰੇ ਮੈਂਬਰਾਂ ਵਿੱਚੋਂ ਸੰਪਤੀ ਦੀ ਵੰਡ ਨਿਸ਼ਚਿਤ ਅਨੁਪਾਤ ਵਿੱਚ ਕੀਤੀ ਜਾਂਦੀ ਹੈ ਜੋ ਮਰੇ ਵਿਅਕਤੀ ਦੀ ਇੱਛਾਵਾਂ ਮੁਤਾਬਕ ਨਹੀਂ ਵੀ ਹੋ ਸਕਦਾ ਹੈ। ਇਸ ਵਜ੍ਹਾਂ ਤੋਂ ਜਾਇਦਾਦ ਦੀ ਵੰਡ ਵਿੱਚ ਦੇਰ ਹੋ ਸਕਦੀ ਹੈ ਅਤੇ ਜਿਸਦੇ ਕਾਰਣ ਕਈ ਵਾਰ ਮਾਂ-ਬੇਟੇ ਵਿੱਚਕਾਰ, ਭਰਾਵਾਂ ਜਾਂ ਭੈਣ-ਭਰਾਵਾਂ ਵਿੱਚਕਾਰ ਕਾਨੂੰਨੀ ਮੁਕੱਦਮੇ ਹੋ ਜਾਂਦੇ ਹਨ।

***ਪ੍ਰਸ਼ਨ 4. ਵਸੀਅਤ ਕੌਣ ਕਰ ਸਕਦਾ/ਸਕਦੀ ਹੈ?***

**ਉੱਤਰ** - ਕੋਈ ਵੀ ਵਿਅਕਤੀ ਜਿਸਦੀ ਉਮਰ 18 ਸਾਲ ਜਾਂ ਉਸ ਤੋਂ ਵੱਧ ਹੈ ਅਤੇ ਉਹ ਆਪਣੇ ਕੰਮਕਾਰਾਂ ਨੂੰ ਕਰਨ ਵਾਸਤੇ ਦਿਮਾਗੀ ਤੌਰ ਤੇ ਠੀਕ ਹੈ ਅਤੇ ਕਿਸੇ ਵੀ ਅਣਉੱਚਿਤ ਦਬਾਉ ਤੋਂ ਮੁਕਤ ਹੈ, ਉਹ ਵਸੀਅਤ ਬਣਾ ਸਕਦਾ ਹੈ।

***ਪ੍ਰਸ਼ਨ 5. ਵਿਅਕਤੀ ਨੂੰ ਕਿਸੇ ਵੀ ਉਮਰ ਵਿੱਚ ਵਸੀਅਤ ਕਿਉਂ ਕਰਨੀ ਚਾਹੁੰਦੀ ਹੈ ਅਤੇ ਬੁੱਢਾਪੇ ਦਾ ਇੰਤਜਾਰ ਕਿਉਂ ਨਹੀਂ ਕਰਨਾ ਚਾਹੀਦਾ ਹੈ?***

ਉੱਤਰ - *ਹਾਂ, 18 ਸਾਲ ਦੀ ਉਮਰ ਦੇ ਬਾਅਦ ਕਿਸੇ ਵੀ ਵਿਅਕਤੀ ਨੂੰ ਆਪਣੀ ਵਸੀਅਤ ਕਰਨੀ ਚਾਹੀਦੀ ਹੈ ਕਿਉਂਕਿ ਅੱਜ ਦੀ ਅਨਿਸ਼ਚਿਤਤਾ ਦੀ ਦੁਨੀਆ ਵਿੱਚ ਕਿਸੀ ਦੁਰਘਟਨਾਵਾਂ, ਦਿਲ ਦੀਆਂ ਬੀਮਾਰੀਆਂ, ਆਤੰਕੀ ਹਮਲੀਆਂ ਦੇ ਕਾਰਣ ਸਮੇਂ ਤੋਂ ਪਹਿਲਾਂ ਮੌਤ ਹੋ ਸਕਦੀ ਹੈ, ਇਸੀ ਵਜ੍ਹਾਂ ਤੋਂ ਬਹੁਤੇਰੇ ਲੋਕੀ 25 ਸਾਲ ਦੀ ਨੌਜਵਾਨ ਉਮਰ ਵਿੱਚ ਹੀ ਬੀਮਾ ਲੈ ਲੈਂਦੇ ਹਨ। ਜੇ ਕੋਈ ਵਿਅਕਤੀ ਨੌਜਵਾਨ ਉਮਰ ਵਿੱਚ ਬੀਮਾ ਲੈ ਲੈਂਦਾ ਹੈ ਤਾਂਕਿ ਅਚਾਨਕ ਮੌਤ ਹੋ ਜਾਣ ਦੀ ਸਥਿਤੀ ਵਿੱਚ ਉਸਦੇ ਪਰਵਾਰ ਨੂੰ ਆਰਥਕ ਮਦਦ ਮਿਲ ਜਾਵੇ, ਤਾਂ ਫਿਰ ਵਸੀਅਤ ਵੀ ਕਿਉਂ ਨਹੀਂ ਬਣਾਈ ਜਾਵੇ ਜੋ ਪਰਵਾਰ ਵਿੱਚ 'ਬੀਮਾ ਦਾਅਵਾ ਜਾਂ ਹੋਰ ਜਾਇਦਾਦ/ਸੰਪਤੀਆਂ ਦੀ ਵੰਡ ਕਿਸ ਤਰ੍ਹਾਂ ਕੀਤੀ ਜਾਵੇ' ਬਾਰੇ ਇੱਕ ਲਿਖਤੀ ਨਿਰਦੇਸ਼ ਹੈ। ਇਸਲਈ 18 ਤੋਂ ਵੱਧ ਉਮਰ ਵਿੱਚ ਹਰ ਵਿਅਕਤੀ ਨੂੰ ਵਸੀਅਤ ਬਣਾਣੀ ਚਾਹੀਦੀ ਹੈ।*

***ਪ੍ਰਸ਼ਨ 6 ਵਸੀਅਤ ਕਿਸ ਤਰ੍ਹਾਂ ਕਰਨੀ ਚਾਹੀਦੀ ਹੈ?***

ਉੱਤਰ - ਵਸੀਅਤ ਹੱਥ ਲਿਖਤ ਜਾਂ ਟਾਇਪ ਕੀਤੀ ਹੋ ਸਕਦੀ ਹੈ, ਹਾਲਾਂਕਿ ਟਾਇਪ ਕੀਤੀ ਵਸੀਅਤ ਨੂੰ ਵਰੀਅਤਾ ਦਿੱਤੀ ਜਾਂਦੀ ਹੈ। ਇਸਲਈ ਕਿਸੇ ਸਟੈਂਪ ਪੇਪਰ ਦੀ ਜਰੂਰਤ ਨਹੀਂ ਹੈ, ਇਸ ਨੂੰ ਸਾਦੇ ਕਾਗਜ ਤੇ ਲਿੱਖਿਆ ਜਾ ਸਕਦਾ ਹੈ। ਵਸੀਅਤ ਨੂੰ

ਕਿਸੇ ਭਾਸ਼ਾ ਵਿੱਚ ਵੀ ਬਣਾਇਆ ਜਾ ਸਕਦਾ ਹੈ ਜੋ ਵਸੀਅਤ ਕਰਨ ਵਾਲੇ ਨੂੰ ਸਮਝ ਆਉਂਦੀ ਹੈ। ਵਸੀਅਤ ਵਿੱਚ ਤੁਹਾਡੇ ਪਰਵਾਰ, ਤੁਹਾਡੀ ਜਾਇਦਾਦ/ਸੰਪਤੀਆਂ, ਤੁਹਾਡੀ ਦੇਣਦਾਰੀਆਂ, ਤੁਹਾਡੀ ਇੱਛਾਵਾਂ, ਤੁਹਾਡੇ ਹਵਾਲੇ (ਜਾਇਦਾਦ ਵੰਡ ਦੀ ਇੱਛਾਵਾਂ) ਦਾ ਵੇਰਵਾ, ਦੋ ਗਵਾਹਾਂ ਦੇ ਨਾਂ, ਦਸਤਖਤ ਕਰਨ ਦੀ ਮਿਤੀ ਅਤੇ ਸਥਾਨ, ਉਸ ਵਿਅਕਤੀ ਦੇ ਦਸਤਖਤ ਜਿਸ ਨੇ ਵਸੀਅਤ ਕੀਤੀ ਹੈ ਅਤੇ ਸਾਰੇ ਪੇਜਾਂ ਤੇ ਗਵਾਹਾਂ ਦੇ ਦਸਤਖਤ ਹੋਣੇ ਚਾਹੀਦੇ ਹਨ।

***ਪ੍ਰਸ਼ਨ 7 ਮੈਂ ਜ਼ਬਾਨੀ ਵਸੀਅਤ ਕਦੋਂ ਕਰ ਸਕਦਾ ਹਾਂ?***

ਉੱਤਰ - ਨਹੀਂ, ਇਸਨੂੰ ਵਿਸ਼ੇਸ਼ ਵਸੀਅਤ ਕਿਹਾ ਜਾਂਦਾ ਹੈ ਜੋ ਸਿਰਫ ਫ਼ੌਜੀ, ਵਾਯੂ ਸੈਨਿਕ, ਨੌਸੈਨਿਕ ਲਈ ਹੁੰਦੀ ਹੈ। ਕੁਝ ਮੁਸਲਿਮ ਜ਼ਬਾਨੀ ਵਸੀਅਤ ਕਰ ਸਕਦੇ ਹਨ ਜੋ ਉਨ੍ਹਾਂ ਦੇ ਆਪਣੇ ਨਿਜੀ ਕਾਨੂੰਨੀ (Muslims personal laws) ਮੁਤਾਬਕ ਕੀਤੀ ਜਾਂਦੀ ਹੈ।

***ਪ੍ਰਸ਼ਨ 8 ਕੀ ਅਲਗ ਅਲਗ ਧਰਮਾਂ ਲਈ ਕਾਨੂੰਨ ਵੱਖਰੇ ਹਨ?***

ਉੱਤਰ - ਹਾਂ, ਇਹ ਉਤਰਾਧਿਕਾਰ ਕਾਨੂੰਨਾਂ ਨਾਲ ਸੰਬੰਧਤ ਹਨ, ਜਿੱਥੇ ਜਿਸ ਵਿਅਕਤੀ ਦੀ ਮੌਤ ਹੋ ਗਈ ਉਸਦੇ ਧਰਮ ਦੇ ਅਨੁਸਾਰ ਵੱਖਰੇ ਕਾਨੂੰਨ ਲਾਗੂ ਹੁੰਦੇ ਹਨ। ਉਦਾਹਰਣ ਲਈ - ਹਿੰਦੂ ਲਈ ਇਹ ਹਿੰਦੂ ਉਤਰਾਧਿਕਾਰ ਕਾਨੂੰਨ ਹੈ, ਪਾਰਸੀ ਅਤੇ ਇਸਾਈ ਲਈ ਇਹ ਭਾਰਤੀ ਉਤਰਾਧਿਕਾਰ ਐਕਟ ਹੈ, ਮੁਸਲਮਾਨਾਂ ਲਈ ਇਹ ਸ਼ਰੀਅਤ ਕਾਨੂੰਨ ਹੈ (ਸ਼ਿਆ, ਸੁੰਨੀ, ਖੋਜਾ ਲਈ ਵੱਖਰੇ ਕਾਨੂੰਨ)।

***ਪ੍ਰਸ਼ਨ 9 ਵਸੀਅਤ ਦੇ ਗਵਾਹਾਂ ਲਈ ਕੀ ਨਿਯਮ ਹੈ?***

ਉੱਤਰ - *ਕਾਨੂੰਨ ਮੁਤਾਬਕ, ਵਸੀਅਤ ਤੇ ਦੋ ਗਵਾਹਾਂ ਦੀ ਮੌਜੂਦਗੀ ਵਿੱਚ ਦਸਤਖਤ ਕੀਤੇ ਜਾਣੇ ਚਾਹੀਦੇ ਹਨ। ਗਵਾਹਾਂ ਲਈ* ***ਵਸੀਅਤ ਦੀ ਵਿਸ਼ਾ-ਵਸਤ ਨੂੰ ਪੜ੍ਹਨਾ ਜ਼ਰੂਰੀ*** *ਨਹੀਂ ਹੈ, ਉਹ ਸਿਰਫ਼ ਇਹ ਪੁਸ਼ਟੀ ਕਰਦੇ ਹਨ ਕਿ ਵਸੀਅਤ ਤੇ ਦਸਤਖਤ ਉਹਨਾਂ ਦੀ ਮੌਜੂਦਗੀ ਵਿੱਚ ਕੀਤੇ ਗਏ। ਕਾਨੂੰਨ ਮੁਤਾਬਕ, ਵਸੀਅਤ ਦੀ ਵੈਧਤਾ/ਪਰਮਾਣਕਤਾ ਦੀ ਜਾਂਚ ਕਰਨ ਵਾਸਤੇ ਅਦਾਲਤ ਗਵਾਹਾਂ ਨੂੰ ਬੁਲਾ ਸਕਦੀ ਹੈ। ਅੱਜਕੱਲ੍ਹ, ਇਹ ਵੀ ਸਲਾਹ ਦਿਤੀ ਜਾਂਦੀ ਹੈ ਕਿ ਵਸੀਅਤ ਤੇ ਦਸਤਖਤ ਕਰਨ ਦੀ ਪ੍ਰਕ੍ਰਿਆ ਦੀ ਵੀਡੀਓ ਰਿਕਾਰਡਿੰਗ ਕੀਤੀ ਜਾਏ ਅਤੇ ਉਸਦੀ ਕੱਲਿਪ ਨੂੰ ਅਸਲੀ ਵਸੀਅਤ ਦੇ ਨਾਲ ਸੁਰੱਖਿਅਤ ਰੱਖਿਆ ਜਾਵੇ ਤਾਂਕਿ ਜੇਕਰ ਵਸੀਅਤ ਦੀ ਕਾਨੂੰਨੀ ਵੈਧਤਾ ਨੂੰ ਸਾਬਤ ਕਰਨ ਦੀ ਜਰੂਰਤ ਹੋਵੇ ਤਾਂ ਇਹ ਕਨੂੰਨੀ ਪਰਮਾਣ ਮੌਜੂਦ ਹੋਵੇ।*

***ਪ੍ਰਸ਼ਨ 10 ਨਿਸ਼ਪਾਦਕ ਕੀ ਹੈ? ਕੀ ਵਸੀਅਤ ਲਈ ਨਿਸ਼ਪਾਦਕ ਨਿਯੁਕਤ ਕਰਨਾ ਜ਼ਰੂਰੀ ਹੈ?***

ਉੱਤਰ ਨਿਸ਼ਪਾਦਕ ਉਹ ਵਿਅਕਤੀ ਹੈ ਜਿਸਨੂੰ ਵਸੀਅਤ ਕੀਤੇ ਜਾਣ ਵਾਲੇ ਵਿਅਕਤੀ ਦੁਆਰਾ ਨਿਯੁਕਤ ਕਰਕੇ ਅਧਿਕਾਰ ਦਿੱਤੇ ਜਾਂਦੇ ਹਨ ਤਾਂਕਿ ਉਹ ਵਸੀਅਤ ਮੁਤਾਬਕ ਸਾਰੀ ਇੱਛਾਵਾਂ ਤੇ ਕਾਰਵਾਈ ਕਰ ਸਕੇ। ਨਿਸ਼ਪਾਦਕ ਉਹ ਵਿਅਕਤੀ ਵੀ ਹੋ ਸਕਦਾ ਹੈ ਜਿਸਨੂੰ ਵਸੀਅਤ ਵਿੱਚ ਲਾਭ ਪ੍ਰਾਪਤ ਹੁੰਦਾ ਹੈ ਜਾਂ ਹੋਰ ਕੋਈ ਭਰੋਸੇਮੰਦ ਵਿਅਕਤੀ ਜਿਵੇਂ ਕਿ ਪਰਵਾਰਕ ਮਿੱਤਰ ਜਾਂ ਵਕੀਲ ਜਾਂ ਸੀਏ ਵੀ ਹੋ ਸਕਦਾ ਹੈ, ਜੋ ਵਸੀਅਤ ਦੀ ਇੱਛਾਵਾਂ ਮੁਤਾਬਕ ਕਾਰਜਵਾਹੀ ਕਰਨ ਵਿੱਚ ਪਰਿਵਾਰ ਦੀ ਮਦਦ ਕਰ ਸਕਦਾ ਹੈ। ਨਿਸ਼ਪਾਦਕ ਨੂੰ ਨਿਯੁਕਤ ਕਰਨਾ ਜ਼ਰੂਰੀ ਨਹੀਂ ਹੈ ਹਾਲਾਂਕਿ ਇਹ ਤੁਹਾਡੀ ਆਪਣੀ ਪਸੰਦ ਤੇ ਨਿਰਭਰ ਕਰਦਾ ਹੈ।

***ਪ੍ਰਸ਼ਨ 11 ਕੀ ਵਸੀਅਤ ਦੀ 'ਨੋਟਰੀ' ਜਾਂ 'ਰਜਿਸਟਰੀ' ਕਰਨਾ ਜਰੂਰੀ ਹੈ? ਇਸਦੇ ਕੀ ਫਾਇਦੇ ਹਨ?***

ਉੱਤਰ - *ਵਸੀਅਤ ਦੀ 'ਨੋਟਰੀ' ਜਾਂ 'ਰਜਿਸਟਰੀ' ਕਰਨਾ **ਜ਼ਰੂਰੀ ਨਹੀਂ** ਹੈ। ਹਾਲਾਂਕਿ ਵਿਅਕਤੀ ਨਿਸ਼ਪਾਦਨ ਦੇ ਬਾਅਦ ਵਸੀਅਤ ਨੂੰ ਰਜਿਸਟਰ ਕਰਾ ਸਕਦਾ ਹੈ ਜਿਸਲਈ ਸਕੈਨਿੰਗ ਸ਼ੁਲਕ ਦੇ ਇਲਾਵਾ ਸਬ-ਰਜਿਸਟਾਰ ਦੁਆਰਾ ਕੋਈ ਵੀ ਫੀਸ ਵਸੂਲ ਨਹੀਂ ਕੀਤੀ ਜਾਵੇਗੀ। ਜੇ ਵਸੀਅਤ ਰਜਿਸਟਰ ਹੈ ਤਾਂ ਇਸਦਾ ਮਤਲਬ ਹੈ ਕਿ ਉਹ ਵਿਅਕਤੀ ਜੋ ਦੋ ਗਵਾਹਾਂ ਤੀ ਮੌਜੂਦਗੀ ਵਿੱਚ ਵਸੀਅਤ ਕਰਦਾ/ਕਰਦੀ ਹੈ, ਨੂੰ ਰਜਿਸਟੇਸ਼ਨ ਦਫ਼ਤਰ ਵਿੱਚ ਜਾਣਾ ਹੋਵੇਗਾ ਅਤੇ ਸਬ-ਰਜਿਸਟਰ (ਸਰਕਾਰੀ ਅਧਿਕਾਰੀ) ਦੇ ਸਾਮ੍ਹਣੇ ਵਸੀਅਤ ਕਰਨੀ ਹੋਵੇਗੀ, ਜਿੱਥੇ ਪਰਿਵਾਰ/ ਰਿਸ਼ਤੇਦਾਰਾਂ ਦੇ ਵਿੱਚਕਾਰ ਵਸੀਅਤ ਦੀ ਅਸਲੀਅਤ ਬਾਰੇ ਸਵਾਲ ਪੁੱਛੇ ਜਾਣ ਤੋਂ ਬੱਚਾ ਜਾ ਸਕਦਾ ਹੈ। ਵਸੀਅਤ ਨੂੰ ਰਜਿਸਟਰ ਕਰਨ ਵਾਸਤੇ, ਵਸੀਅਤਕਰਤਾ ਨੂੰ ਆਪਣੇ ਨਾਲ ਦੋ ਗਵਾਹ (ਜ਼ਰੂਰੀ ਨਹੀਂ ਹੈ ਕਿ ਉਹੀ ਗਵਾਹ ਹੋਣ ਜਿਨ੍ਹਾਂ ਨੇ ਵਸੀਅਤ ਵਿੱਚ ਗਵਾਹ ਦੇ ਤੌਰ ਤੇ ਦਸਤਖਤ ਕੀਤੇ ਹਨ), ਅਸਲੀ ਵਸੀਅਤ, ਦਿਮਾਗੀ ਫਿਟਨੇਸ ਦਾ ਐਮਬੀਬੀਐਸ ਡਾਕਟਰ ਦਾ ਨਵੀਨਤਮ ਪ੍ਰਮਾਣ-ਪੱਤਰ ਅਤੇ ਪਤਾ ਪ੍ਰਮਾਣ ਨਾਲ ਲੈ ਜਾਣਾ ਹੁੰਦਾ ਹੈ।*

***ਪ੍ਰਸ਼ਨ 12 ਵਸੀਅਤ ਵਿੱਚ ਕਿਸ ਤਰ੍ਹਾਂ ਦੀ ਸੰਪਤੀਆਂ ਅਤੇ ਜਾਇਦਾਦਾਂ ਦਾ ਉਲੇਖ ਕਰ ਸਕਦੇ ਹਨ?***

ਉੱਤਰ ਇਸ ਵਿੱਚ ਸਾਰੀ ਇੱਕਲੀ / ਸਾਂਝੀ ਸੰਪਤੀ, ਪੈਸਾ, ਜਾਇਦਾਦ, ਵਸੂਲਣ ਯੋਗ ਸੰਪਤੀ ਅਤੇ ਦੇਣਦਾਰੀਆਂ/ ਲੋਨ ਸਮੇਤ ਸਾਰੀ ਚੱਲ, ਅਚਲ ਅਤੇ ਅਮੂਰਤ ਸੰਪਤੀਆਂ ਅਤੇ ਜਾਇਦਾਦ ਦਾ ਉਲੇਖ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਚੱਲ ਸੰਪਤੀਆਂ ਵਿੱਚ ਨਗਦ ਧਨ, ਗਹਿਣੇ, ਐਫਡੀ, ਬੈਂਕ ਖਾਤੇ, ਬੀਮਾ ਪਾਲਿਸੀਆਂ, ਵਾਹਨ ਅਤੇ ਸਾਰੇ ਫਰਨੀਚਰ ਅਤੇ

ਸਮੱਗਰੀਆਂ ਸ਼ਾਮਲ ਹਨ। ਅਚੱਲ ਸੰਪਤੀ ਵਿੱਚ ਜ਼ਮੀਨ, ਬਿਲਡਿੰਗ, ਫਲੈਟ, ਦੁਕਾਨ, ਦਫ਼ਤਰ, ਪਲਾਟ ਅਤੇ ਗੇਰਾਜ ਸ਼ਾਮਲ ਹੋਣਗੇ।

***ਪ੍ਰਸ਼ਨ 13 ਕੀ ਵਸੀਅਤ ਵਿੱਚ ਸਾਂਝੀ ਸੰਪਤੀਆਂ ਸ਼ਾਮਿਲ ਹੋ ਸਕਦੀ ਹਨ?***

ਉੱਤਰ - ਹਾਂ, ਜੇ ਵਿਅਕਤੀ ਕੋਈ ਸਾਂਝੀ ਸੰਪਤੀ ਦਾ ਮਾਲਕ ਹੈ ਤਾਂ ਉਸ ਸਾਂਝੀ ਸੰਪਤੀ ਵਿੱਚ ਆਪਣੇ ਹਿੱਸੇ ਬਾਰੇ ਵਸੀਅਤ ਵਿੱਚ ਉਲੇਖ ਕਰਨ ਦੀ ਇਜਾਜਤ ਹੈ। ਵਿਅਰਥ ਵਿਵਾਦਾਂ ਤੋਂ ਬਚਣ ਲਈ ਸਾਰੀ ਸਾਂਝੀ ਸੰਪਤੀ ਬਾਰੇ ਵਸੀਅਤ ਵਿੱਚ ਉਲੇਖ ਕਰਨਾ ਚਾਹੀਦਾ ਹੈ।

***ਪ੍ਰਸ਼ਨ 14 ਕੀ ਸੰਪਤੀਆਂ ਅਤੇ ਜਾਇਦਾਦਾਂ ਨੂੰ ਉਸ ਜਗ੍ਹਾ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜਿੱਥੇ ਨਾਮਾਂਕਣ ਕੀਤਾ ਜਾਂਦਾ ਹੈ?***

ਉੱਤਰ - *ਹਾਂ, ਕਾਨੂੰਨੀ ਤੌਰ ਤੇ ਨਾਮਾਂਕਣ ਮਾਲਕ ਦੀ ਮੌਤ ਦੀ ਸਥਿਤੀ ਵਿੱਚ ਨਾਮਜਦ ਵਿਅਕਤੀ ਦੁਆਰਾ ਸੰਪਤੀ ਦਾ ਦਾਅਵਾ ਕਰਨ ਵਾਸਤੇ ਸਿਰਫ ਇੱਕ ਤਰ੍ਹਾਂ ਦੀ ਸਹੂਲਤ ਹੈ ਅਤੇ ਨਾਮਜਦ ਵਿਅਕਤੀ ਉਸ ਸਮਾਂ ਤਕ ਅਸਥਾਈ ਟ੍ਰਸਟੀ ਦੀ ਤਰ੍ਹਾਂ ਕੰਮ ਕਰੇਗਾ ਜਦੋਂ ਤਕ ਵਸੀਅਤ ਮੁਤਾਬਕ ਕਾਨੂੰਨੀ ਉਤਰਾਧਿਕਾਰੀ ਨਹੀਂ ਮਿਲ ਜਾਂਦਾ ਹੈ ਜਾਂ ਨਾਮਜਦ ਵਿਅਕਤੀ ਉਤਰਾਧਿਕਾਰ ਐਕਟ ਮੁਤਾਬਕ ਜਾਇਦਾਦ ਦੀ ਵੰਡ ਕਾਨੂੰਨੀ ਉਤਰਾਧਿਕਾਰੀਆਂ ਵਿੱਚ ਨਹੀਂ ਕਰ ਦਿੰਦਾ ਹੈ। ਨਾਮਜਦ ਵਿਅਕਤੀ ਨੂੰ ਕਾਨੂੰਨੀ ਵਾਰਿਸ ਵੀ ਕਿਹਾ ਜਾ ਸਕਦਾ ਹੈ। ਹਾਲਾਂਕਿ, ਇਸਦਾ ਇੱਕ ਅਪਵਾਦ ਵੀ ਹੈ ਇਸਲਈ ਜੇ ਮੁਮਕਿਨ ਹੋਵੇ ਤਾਂ ਵਸੀਅਤ ਵਿੱਚ ਨਾਮਾਂਕਨ ਦੀ ਸਪਸ਼ਟ ਪੁਸ਼ਟੀ ਵੀ ਕੀਤੀ ਜਾਣੀ ਚਾਹੀਦੀ ਹੈ।*

***ਪ੍ਰਸ਼ਨ 15 ਕੀ ਵਸੀਅਤ ਵਿੱਚ ਕਿਰਾਏ ਤੇ ਸੰਪਤੀਆਂ / ਕਿਰਾਏਦਾਰੀ ਅਧਿਕਾਰ ਨੂੰ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ?***

ਉੱਤਰ - ਨਹੀਂ, ਕਿਰਾਏਦਾਰੀ ਅਧਿਕਾਰ ਕੋਈ ਸੰਪਤੀ ਜਾਂ ਜਾਇਦਾਦ ਨਹੀਂ ਹਨ ਇਸਲਈ ਇਸਦੀ ਵਸੀਅਤ ਨਹੀਂ ਕੀਤੀ ਜਾ ਸਕਦੀ ਹੈ।

*ਪ੍ਰਸ਼ਨ 16 ਕੀ ਪੱਟੇਦਾਰੀ ਅਧਿਕਾਰਾਂ ਨੂੰ ਵਸੀਅਤ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ?*

ਉੱਤਰ - ਹਾਂ, ਪੱਟੇਦਾਰੀ ਦੀ ਅਧਿਕਾਰਾਂ ਨੂੰ ਵਸੀਅਤ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ।

*ਪ੍ਰਸ਼ਨ 17 ਅਤੀਤ ਵਿੱਚ ਕਾਨੂੰਨੀ ਵਾਰਿਸ ਵਾਂਗ ਪ੍ਰਾਪਤ ਪੁਸ਼ਤੈਨੀ ਜਾਇਦਾਦ ਜਾਂ ਸੰਪਤੀ ਨੂੰ ਵਸੀਅਤ ਵਿੱਚ ਸ਼ਾਮਿਲ ਕਰਨ ਦੀ ਇਜਾਜਤ ਹੈ?*

ਉੱਤਰ - ਪੁਸ਼ਤੈਨੀ ਜਾਇਦਾਦ ਜਿਸ ਵਿੱਚ ਕਨੂੰਨੀ ਤੌਰ ਤੇ ਅਧਿਕਾਰ / ਮਲਕੀਅਤ ਟ੍ਰਾਂਸਫਰ ਕੀਤੇ ਜਾਂਦੇ ਹੈ, ਨੂੰ ਵਸੀਅਤ ਵਿੱਚ *ਸ਼ਾਮਿਲ ਕਰਨ ਦੀ ਇਜਾਜਤ ਹੈ।*

***ਪ੍ਰਸ਼ਨ 18 ਕੀ ਫਰਮ, ਕੰਪਨੀ ਵਿੱਚ ਵਪਾਰੀ ਮਲਕੀਅਤ ਨੂੰ ਵਸੀਅਤ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ?***

ਉੱਤਰ ਹਾਂ, ਮਾਲਿਕਾਨਾ ਫਰਮ ਵਿੱਚ ਸੁਆਮੀ ਵਾਂਗ ਮਲਕੀਅਤ ਜਾਂ ਕਿਸੀ ਕੰਪਨੀ ਵਿੱਚ ਹਿੱਸੇ ਨੂੰ ਵਸੀਅਤ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ। ਪਾਰਟਰ ਵਾਂਗ ਕਿਸੀ ਪਾਰਟਨਰਸ਼ਿਪ ਫਰਮ ਵਿੱਚ ਹਿੱਸੇਦਾਰੀ ਨੂੰ ਨਿਯਮ ਤੇ ਸ਼ਰਤਾਂ ਮੁਤਾਬਕ ਸ਼ਾਮਿਲ ਕੀਤੇ ਜਾਣ ਦੀ ਇਜਾਜਤ ਹੈ, ਜੇ ਇਸ ਤਰ੍ਹਾਂ ਦੀ ਕੋਈ ਪਾਰਟਨਰਸ਼ਿਪ ਵਸੀਕਾ ਹੁੰਦੀ ਹੈ।

***ਪ੍ਰਸ਼ਨ 19 ਐਚਯੂਐਫ** (HUF**) ਵਿੱਚ ਹਿੱਸੇਦਾਰੀ ਨੂੰ ਸ਼ਾਮਿਲ ਕਰਨ ਦੀ ਇਜਾਜਤ ਹੈ**?*

ਉੱਤਰ - ਨਹੀਂ, ਹਿੰਦੂ ਅਵਿਭਾਜਿਤ ਪਰਿਵਾਰ *(Hindu Undivided Family) ਵਿੱਚ ਹਿੱਸੇਦਾਰੀ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਦਾ ਹੈ।*

***ਪ੍ਰਸ਼ਨ 20 ਹੋਰ ਕਿਸ ਸੰਪਤੀ/ਜਾਇਦਾਦ ਨੂੰ ਵਸੀਅਤ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ?***

ਉੱਤਰ - ਕੋਈ ਵਿਅਕਤੀ ਪਾਲਤੂ ਜਾਨਵਰ, ਪੇਂਟਿੰਗ, ਵਿਸ਼ੇਸ਼ ਸਾਮਾਨ, ਇਲੈਕਟ੍ਰਾਨਿਕ ਸਾਮਾਨ, ਫਰਨੀਚਰ ਅਤੇ ਫਿਕਸਚਰ, ਭੌਤਿਕ ਸੰਪਤੀ ਜਿਵੇਂ ਕਿ ਟ੍ਰੇਡਮਾਰਕ, ਪੇਟੇਂਟ, ਕਾਪੀਰਾਇਟ, ਲਾਇਸੈਂਸ, ਸਾਮਾਜਕ ਮੀਡਿਆ ਖਾਤੇ, ਨਿਜੀ ਸਾਮਾਨ, ਕਿਤਾਬਾਂ, ਬਗੈਰਾ ਨੂੰ ਸ਼ਾਮਿਲ ਕਰ ਸਕਦਾ ਹੈ।

*ਪ੍ਰਸ਼ਨ 21 ਨਾਬਾਲਗ ਬੱਚਿਆਂ ਦੀ ਰੱਖਿਆ ਕਿਸ ਤਰ੍ਹਾਂ ਕੀਤੀ ਜਾਵੇ?*

ਉੱਤਰ - ਕੋਈ ਵਿਅਕਤੀ ਨਾਬਾਲਗ ਬੱਚਿਆਂ ਲਈ ਸਰਪਰਸਤ ਨਾਮਜਦ ਕਰ ਸਕਦਾ/ਸਕਦੀ ਹੈ ਜੋ ਵਸੀਅਤ ਵਿੱਚ ਲਾਭਾਰਥੀ ਹੋਵੇਗਾ ਅਤੇ ਇਸ ਤਰ੍ਹਾਂ ਤੇ ਸਰਪਰਸਤ ਨਾਬਾਲਗ ਬੱਚਿਆਂ ਦੀ ਦੇਖਭਾਲ ਲਈ ਜੁੰਮੇਦਾਰ ਹੋਵੇਗਾ ਅਤੇ ਉਨ੍ਹਾਂ ਦੇ ਹਿੱਸਾ ਦੀ ਸੁਰੱਖਿਆ ਕਰੇਗਾ। ਬਹੁਤੇਰੀਆਂ ਵਾਰ ਲੋਕੀ ਵਸੀਅਤ ਦੇ ਰਾਹੀਂ ਕਨੂੰਨੀ ਉਤਰਾਧਿਕਾਰੀ, ਮਿੱਤਰ, ਰਿਸਤੇਦਾਰ ਦੇ ਲਾਹੇ ਲਈ ਜਾਂ ਚੈਰਿਟੇਬਲ ਉਦੇਸ਼ਾਂ ਲਈ ਟ੍ਰਸਟ ਬਣਾ ਦਿੰਦੇ ਹਨ।

***ਪ੍ਰਸ਼ਨ 22  ਵਸੀਅਤ ਵਿੱਚ ਵਿਆਖਿਆ ਨਹੀਂ ਕੀਤੀ ਗਈ ਸੰਪਤੀਆਂ ਜਾਂ ਭਾਵੀ ਸੰਪਤੀਆਂ ਦਾ ਕੀ ਹੋਵੇਗਾ?***

ਉੱਤਰ - ਬਾਕੀ ਬਚੀ ਜਾਇਦਾਦਾਂ / ਸੰਪਤੀਆਂ (ਵਿਭਿੰਨ/ਸੰਪਤੀਆਂ ਜਿਹਨਾਂ ਦਾ ਉਲੇਖ ਕਰਨਾ ਭੁੱਲ ਗਏ) ਲਈ ਵਸੀਅਤ ਵਿੱਚ ਇੱਕ ਆਮ ਧਾਰਾ ਨੂੰ ਸ਼ਾਮਿਲ ਕੀਤਾ ਜਾਂਦਾ ਹੈ ਜਿਸ ਵਿੱਚ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ 'ਬਾਕੀ ਬਚੀ ਜਾਇਦਾਦਾਂ' ਨੂੰ ਕਿਸਨੂੰ ਦੇਣਾ ਹੈ ਅਤੇ ਇਸੀ ਤਰ੍ਹਾਂ 'ਸਾਰੀ ਭਾਵੀ ਜਾਇਦਾਦ' ਲਈ ਵੀ ਇੱਕ ਆਮ ਧਾਰਾ ਨੂੰ ਜੋੜਿਆ ਜਾਂਦਾ ਹੈ।

***ਪ੍ਰਸ਼ਨ 23  ਕੀ ਕੀਤੀ ਗਈ ਵਸੀਅਤ ਵਿੱਚ ਤਬਦੀਲੀਆਂ ਮੁਮਕਿਨ ਹਨ ਜਾਂ ਨਵੀਂ ਵਸੀਅਤ ਕੀਤੀ ਜਾ ਸਕਦੀ ਹੈ?***

ਉੱਤਰ - ਵਿਅਕਤੀ ਜਦੋਂ ਵੀ ਚਾਹੇ ਆਪਣੀ ਨਵੀਂ ਵਸੀਅਤ ਜਾਂ ਉਸਦੇ ਵਿੱਚ ਕੁਝ ਤਬਦੀਲੀਆਂ ਕਰ ਸਕਦਾ ਹੈ, ਉਹ ਵਸੀਅਤਨਾਮੇ ਦਾ ਇੱਕ ਪਰਵਰਤੀ ਉਤਰਾਧਿਕਾਰ ਪੱਤਰ (Codicil) ਬਣਾ ਸਕਦਾ ਹੈ ਜੋ ਮੁੱਖ ਵਸੀਅਤ ਦਾ ਪੂਰਕ ਹਿੱਸਾ ਹੁੰਦਾ ਹੈ। ਹਾਲਾਂਕਿ, ਸਾਰੀ ਵਸੀਅਤ ਵਿੱਚ ਇਹ ਦੱਸਣਾ ਜਰੂਰੀ ਹੈ ਕਿ 'ਇਹ ਅੰਤਮ ਵਸੀਅਤ ਹੈ ਅਤੇ ਹੋਰ ਸਾਰੀ ਪੁਰਾਣੀ ਵਸੀਅਤ, ਜੇ ਕੋਈ ਹੈ, ਉਸਨੂੰ ਰੱਦ ਮੰਨਿਆ ਜਾਵੇ' ਕਿਉਂਕਿ ਕਾਨੂੰਨੀ ਤੌਰ ਤੇ ਸਿਰਫ ਅੰਤਮ ਵਸੀਅਤ ਹੀ ਵੈਧ ਹੋਵੇਗੀ।

***ਪ੍ਰਸ਼ਨ 24  ਵਸੀਅਤ ਨੂੰ ਕਿਸ ਜਗ੍ਹਾ ਰੱਖਿਆ ਜਾ ਸਕਦਾ ਹੈ?***

ਉੱਤਰ - ਕਾਨੂੰਨੀ ਤੌਰ ਤੇ ਵਸੀਅਤ ਨੂੰ ਕਿਸੇ ਵੀ ਜਗ੍ਹਾ ਤੇ ਰੱਖਿਆ ਜਾ ਸਕਦਾ ਹੈ। ਹਾਲਾਂਕਿ ਵਸੀਅਤ ਨੂੰ ਸੁਰੱਖਿਅਤ ਸਥਾਨ ਤੇ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ ਜਿੱਥੇ ਇਸਦੇ ਨਾਲ ਛੇੜਛਾੜ ਨਹੀਂ ਕੀਤੀ ਜਾ ਸਕੇ ਅਤੇ ਇਹ ਆਪਣੀ ਮੌਤ ਦੇ ਬਾਅਦ ਆਪਣੇ ਪਰਵਾਰ ਦੁਆਰਾ ਅਸਾਨੀ ਨਾਲ ਪ੍ਰਾਪਤ ਕੀਤਾ ਜਾ ਸਕੇ। ਇਸਨੂੰ ਸੁਰੱਖਿਆ ਦੇ ਮੱਦੇਨਜਰ ਲੌਕਰ ਵਿੱਚ ਰੱਖਿਆ ਜਾ ਸਕਦਾ ਹੈ ਜਾਂ ਕਿਸੇ ਭਰੋਸੇਮੰਦ ਵਿਅਕਤੀ ਦੇ ਕੋਲ ਰੱਖਿਆ ਜਾ ਸਕਦਾ ਹੈ ਜਾਂ ਕਿਸੇ ਪੇਸ਼ੇਵਰ ਜਿਵੇਂ ਬੈਂਕਰ ਜਾਂ ਸਾਲੀਸੀਟਰ ਕੋਲ ਰੱਖਿਆ ਜਾ ਸਕਦਾ ਹੈ ਜੋ ਤੁਹਾਡੀ ਮੌਤ ਦੇ ਬਾਅਦ ਨਿਸ਼ਪਾਦਕ ਨੂੰ ਸੂਚਿਤ ਕਰਨ ਲਈ ਜ਼ਰੂਰੀ ਕਾਰਵਾਈ ਕਰੇਗਾ। ਵਿਵਿਧ ਬੈਂਕ ਅਤੇ ਵਿੱਤੀ ਸੰਸਥਾਨ ਵਸੀਅਤ ਦੀ ਸੁਰੱਖਿਆ ਸੰਬੰਧੀ ਸੇਵਾਵਾਂ ਪ੍ਰਦਾਨ ਕਰਦੇ ਹਨ।

***ਪ੍ਰਸ਼ਨ 25 ਕੀ ਵਿਦੇਸ਼ੀ ਵਿੱਚ ਤੁਹਾਡੀ ਸੰਪਤੀਆਂ ਨੂੰ ਵਸੀਅਤ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ?***

ਉੱਤਰ  ਹਾਂ, ਹਾਲਾਂਕਿ ਬਾਹਰਲੇ ਦੇਸ਼ਾਂ ਵਿੱਚ ਮੌਜੂਦ ਤੁਹਾਡੀ ਸੰਪਤੀ ਉਨ੍ਹਾਂ ਦੇਸ਼ਾਂ ਦੇ ਸਥਾਨੀ ਕਾਨੂੰਨ ਦੇ ਮੁਤਾਬਿਕ ਨਿਯੰਤਰਿਤ ਕੀਤੀ ਜਾਂਦੀ ਹੈ ਅਤੇ ਉਸ ਦੇਸ਼ ਵਿੱਚ ਵਸੀਅਤ ਨੂੰ ਲਾਗੂ ਕਰਨ ਦੇ ਨਿਯਮ ਭਾਰਤ ਤੋਂ ਵੱਖ ਹੋ ਸਕਦੇ ਹਨ। ਇਸਲਈ, ਇਹ ਸਲਾਹ ਦਿੱਤੀ ਜਾਂਦਾ ਹੈ ਕਿ ਦੋ ਵੱਖਰੀ ਵਸੀਅਤ ਬਣਾਈ ਜਾਵੇ; ਇੱਕ ਭਾਰਤ ਵਿੱਚ ਮੌਜੂਦ ਸੰਪਤੀਆਂ ਨਾਲ

ਸੰਬੰਧਿਤ ਹੋਵੇ ਅਤੇ ਦੂਜੀ ਬਾਹਰਲੇ ਦੇਸ਼ਾਂ ਵਿੱਚ ਮੌਜੂਦ ਸੰਪਤੀਆਂ ਨਾਲ ਸੰਬੰਧਿਤ ਹੋਵੇ। ਇਸ ਤਰ੍ਹਾਂ ਦੀ ਵਸੀਅਤਾਂ ਨੂੰ ਸਮਵਰਤੀ ਵਸੀਅਤ ਕਿਹਾ ਜਾਂਦਾ ਹੈ ਅਤੇ ਉਹ ਇੱਕ ਦੂੱਜੇ ਤੋਂ ਵੱਖਰੀ ਹੁੰਦੀ ਹਨ ਜਦੋਂ ਤਕ ਉਨ੍ਹਾਂ ਨੂੰ ਇੱਕ ਦੂੱਜੇ ਨਾਲ ਜੋੜਿਆ ਨਹੀਂ ਜਾਂਦਾ ਹੈ।

***ਪ੍ਰਸ਼ਨ 26 ਕੀ ਪਤੀ ਅਤੇ ਪਤਨੀ ਇੱਕ ਵਸੀਅਤ ਨੂੰ ਮਿਲਵਾਂ ਵਸੀਅਤ ਦੀ ਤਰ੍ਹਾਂ ਤਿਆਰ ਕਰ ਸਕਦੇ ਹਨ?***

ਉੱਤਰ ਹਾਂ, ਇਸਦੀ ਇਜਾਜਤ ਹੈ ਜਿੱਥੇ ਪਤੀ ਅਤੇ ਪਤਨੀ ਇੱਕ ਦੂਜੇ ਨਾਲ ਆਪਣੀ ਸਾਰੀ ਜਾਇਦਾਦ ਨੂੰ ਸ਼ਾਮਿਲ ਕਰ ਸਕਦੇ ਹਨ ਅਤੇ ਅੰਤਮ ਵਸੀਅਤ ਵਿੱਚ ਉਲੇਖ ਕਰਦੇ ਹਨ ਕਿ ਜਾਇਦਾਦ ਦੀ ਵੰਡ ਪਰਿਵਾਰ ਅਤੇ ਰਿਸ਼ਤੇਦਾਰਾਂ ਵਿੱਚ ਸਾਂਝੀ ਵਸੀਅਤ ਤੇ ਮੁਤਾਬਿਕ ਕਿਸ ਤਰ੍ਹਾਂ ਕਰਨੀ ਹੈ, ਹਾਲਾਂਕਿ, ਇਸ ਤਰ੍ਹਾਂ ਦੀ ਸਾਂਝੀ ਵਸੀਅਤ ਸਿਰਫ ਦੋਹਾਂ ਦੀ ਮੌਤ ਤੇ ਬਾਅਦ ਹੀ ਲਾਗੂ ਹੋ ਸਕਦੀ ਹੈ ਨਾ ਕਿ ਕਿਸੇ ਇੱਕ ਦੇ ਜੀਵਿਤ ਰਹਿਣ ਤੇ। ਕਈ ਵਾਰ ਪਤੀ ਅਤੇ ਪਤਨੀ 'ਆਦਰਸ਼ ਵਸੀਅਤ (Mirror Will)' ਤਿਆਰ ਕਰਦੇ ਹਨ ਜੋ ਅਲਗ ਨਿਜੀ ਵਸੀਅਤ ਹੁੰਦੀ ਹੈ ਜਿਸ ਵਿੱਚ ਪਤੀ ਜਾਂ ਪਤਨੀ ਆਪਣੀ ਸਾਰੀ ਸੰਪਤੀ ਨੂੰ ਦੂਜੇ ਨੂੰ ਦਿੰਦਾ/ਦਿੰਦੀ ਹੈ।

***ਪ੍ਰਸ਼ਨ 27 ਵਸੀਅਤ ਅੰਤਰਗਤ ਕਿਸ ਨੂੰ ਲਾਭ ਪ੍ਰਾਪਤ ਹੋ ਸਕਦਾ ਹੈ?***

ਉੱਤਰ "ਲਾਭ ਪ੍ਰਾਪਤਕਰਤਾ" ਉਹ ਵਿਅਕਤੀ ਹੁੰਦਾ ਹੈ ਜਿਨ੍ਹਾਂ ਵਿਚੋਂ ਸੰਪਤੀ ਦੀ ਵੰਡ ਜਾਂ ਉਸਦੇ ਨਾਂ ਤੇ "ਵਸੀਅਤ" ਕੀਤੀ ਜਾਂਦੀ ਹੈ, ਦੂਜੇ ਸ਼ਬਦਾਂ ਵਿੱਚ ਕਹਿ ਸਕਦੇ ਹਨ ਕਿ ਉਹ ਵਿਅਕਤੀ ਜੋ ਵਸੀਅਤ ਅਧੀਨ ਲਾਭ ਪ੍ਰਾਪਤ ਕਰਦਾ ਹੈ। ਵਸੀਅਤ ਦੇ ਅੰਤਰਗਤ ਕੋਈ ਵੀ ਵਿਅਕਤੀ, ਸੰਸਥਾ, ਟ੍ਰਸਟ, ਚੈਰਿਟੇਬਲ ਸੰਸਥਾਨ, ਸੋਸਾਇਟੀ ਵਗੈਰਾ ਲਾਭ ਪ੍ਰਾਪਤ ਕਰਨ ਵਾਲੇ ਹੋ ਸਕਦੇ ਹਨ। ਆਪਣੀ ਵਸੀਅਤ ਦੇ ਤਹਿਤ ਲਾਭ ਪ੍ਰਾਪਤ ਕਰਨ ਵਾਲਾ ਆਪਣੇ ਪਰਿਵਾਰ ਦਾ ਕੋਈ ਮੈਬਰਾਂ, ਰਿਸ਼ਤੇਦਾਰਾਂ, ਮਿੱਤਰ, ਮੁਲਾਜ਼ਮ ਆਦਿ ਹੋ ਸਕਦਾ ਹੈ ਅਤੇ ਚਾਹੋ ਤਾਂ ਤੁਸੀ ਆਪਣੀ ਸੰਪਤੀ ਨੂੰ ਦਾਨ ਵੀ ਕਰ ਸਕਦੇ ਹੋ। ਹਾਲਾਂਕਿ ਕਾਨੂੰਨ ਮੁਤਾਬਕ ਕੁਝ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਣੀ ਜ਼ਰੂਰੀ ਹੈ ਜੇ ਤੁਹਾਡੇ ਕਰੀਬੀ ਰਿਸਤੇਦਾਰ ਹਨ ਅਤੇ ਤੁਸੀਂ ਆਪਣੀ ਪੂਰੀ ਸੰਪਤੀ ਜਾਂ ਜਾਇਜਾਦ ਨੂੰ ਧਰਮਾਰਥ ਉਦੇਸ਼ ਲਈ ਦਾਨ ਦੇਣਾ ਚਾਹੁੰਦੇ ਹੋ। ਪਾਰਸੀ ਉੱਤੇ ਦਾਨ ਕਰਨ ਦੀ ਇਹ ਰੋਕ ਲਾਗੂ ਨਹੀਂ ਹੁੰਦੀ ਹੈ ਉਹ ਆਪਣੀ ਪੂਰੀ ਸੰਪਤੀ ਨੂੰ ਦਾਨ ਕਰ ਸਕਦੇ ਹਨ।

*ਪ੍ਰਸ਼ਨ 28 ਮੇਰਾ ਕਾਨੂੰਨੀ ਵਾਰਿਸ ਕੌਣ ਬਣ ਸਕਦਾ ਹੈ?*

ਉੱਤਰ - ਕਾਨੂੰਨੀ ਵਾਰਿਸ ਉਹ ਵਿਅਕਤੀ, ਪੁਰਖ ਜਾਂ ਇਸਤਰੀ ਹੋ ਸਕਦਾ ਹੈ ਜੋ ਉਤਰਾਧਿਕਾਰ ਲਈ ਲਾਗੂ ਨਿਜੀ ਕਾਨੂੰਨ ਅਧੀਨ ਮ੍ਰਿਤਕ ਵਿਅਕਤੀ ਦੀ ਸੰਪਤੀ ਦਾ ਸਫਲਤਾਪੂਰਵਕ ਹਕਦਾਰ ਹੁੰਦਾ ਹੈ। ਹਿੰਦੂ ਉਤਰਾਧਿਕਾਰ ਅਧਿਨਿਯਮ ਮੁਤਾਬਕ - ਜੇ ਕੋਈ ਵਸੀਅਤ ਨਹੀਂ ਕੀਤੀ ਗਈ ਹੈ ਤਾਂ ਸੰਪਤੀ ਦੀ ਵੰਡ ਵਰਗ 1 ਵਿੱਚ ਸਮਾਨ ਤੌਰ ਤੇ ਕੀਤੀ ਜਾਂਦੀ ਹੈ। ਜੇ ਵਰਗ 1 ਦਾ ਉਤਰਾਧਿਕਾਰੀ ਨਹੀਂ ਹੁੰਦਾ ਹੈ ਤਾਂ ਸੰਪਤੀ ਦੀ ਵੰਡ ਸਮਾਨ ਤੌਰ ਤੇ ਵਰਗ 2 ਦੇ ਉਤਰਾਧਿਕਾਰੀਆਂ ਵਿੱਚ ਕੀਤੀ ਜਾਂਦੀ ਹੈ, ਜੇ ਵਰਗ 2 ਵਿੱਚ ਵੀ ਇਸ ਤਰ੍ਹਾਂ ਦਾ ਕੋਈ ਉਤਰਾਧਿਕਾਰੀ ਨਹੀਂ ਹੁੰਦਾ ਹੈ ਤਾਂ ਪਿਤਾ ਪੱਖ ਵਿੱਚ ਕੀਤੀ ਜਾਂਦੀ ਹੈ ਜਾਂ ਅੰਤ ਵਿੱਚ ਸਕਾ-ਸਹੋਦਰਾ ਵਿੱਚ ਕੀਤੀ ਜਾਂਦੀ ਹੈ।

***ਪ੍ਰਸ਼ਨ 29 ਵਸੀਅਤ ਨੂੰ ਕਦੋਂ ਅਤੇ ਕਿਵੇਂ ਰੱਦ ਕੀਤਾ ਜਾ ਸਕਦਾ ਹੈ?***

ਉੱਤਰ ਕੋਈ ਵਿਅਕਤੀ ਕਿਸੇ ਵੀ ਸਮਾਂ ਨਵੀਂ ਵਸੀਅਤ ਕਰਕੇ ਪੁਰਾਣੀ ਵਸੀਅਤ ਨੂੰ ਰੱਦ ਕਰ ਸਕਦਾ ਜਾਂ ਵਾਪਸ ਲੈ ਸਕਦਾ/ਸਕਦੀ ਹੈ। ਨਵੀਂ ਵਸੀਅਤ ਹੋਣ ਤੇ ਪੁਰਾਣੀ ਸਭ ਵਸੀਅਤ ਰੱਦ ਹੋ ਜਾਂਦੀਆਂ ਹਨ। ਵਸੀਅਤ ਨੂੰ ਹੇਠਾਂ ਕੰਮ ਕਰਕੇ ਮੁਅੱਤਲ ਕੀਤਾ ਜਾ ਸਕਦਾ ਹੈ:-

i) ਬਾਅਦ ਦੀ ਵਸੀਅਤ ਦਾ ਨਿਸ਼ਪਾਦਨ ਕਰਕੇ;

ii) ਵਸੀਅਤ ਵਾਪਸ ਲੈਣ ਦਾ ਨਿਰਣਾ ਲਿਖਕੇ ਅਤੇ ਘੋਸ਼ਣ ਕਰਕੇ

iii) ਵਸੀਅਤ ਨੂੰ ਜਲਾ ਕੇ, ਫਾੜ ਕੇ ਜਾਂ ਨਸ਼ਟ ਕਰਕੇ;

*ਪ੍ਰਸ਼ਨ 30 ਕੀ ਮੈਨੂੰ ਜਾਂ ਮੇਰੇ ਕਾਨੂੰਨੀ ਵਾਰਿਸ ਨੂੰ ਵਸੀਅਤ ਅਧੀਨ ਸੰਪਤੀਆਂ ਤੋਂ ਸੰਬੰਧਤ ਆਮਦਨ ਟੈਕਸ ਅਤੇ ਹੋਰ ਟੈਕਸ ਦਾ ਭੁਗਤਾਨ ਕਰਨਾ ਹੋਵੇਗਾ?*

ਉੱਤਰ ਨਹੀਂ, ਅੱਜ ਦੀ ਮਿਤੀ ਤਕ ਵਸੀਅਤ ਅਧੀਨ ਮਿਲਣ ਵਾਲੀ ਕਿਸੀ ਵੀ ਸੰਪਤੀ ਤੇ ਕੋਈ ਟੈਕਸ ਨਹੀਂ ਲਿਆ ਜਾਂਦਾ ਹੈ ਜਿਵੇਂ ਕਿ ਕੈਪੀਟਲ ਲਾਭ ਟੈਕਸ਼। ਪੁਰਾਣੇ ਸਮਾਂ ਦੌਰਾਨ ਇੱਕ ਐਸਟੇਟ ਡਿਊਟੀ ਟੈਕਸ਼ ਲਿੱਤਾ ਜਾਂਦਾ ਸੀ ਜਿਸਨੂੰ ਸਮਾਪਤ ਕਰ ਦਿੱਤਾ ਗਿਆ ਸੀ।

***ਪ੍ਰਸ਼ਨ 31 ਮੁਸਲਮਾਨਾਂ ਦੁਆਰਾ ਕੀਤੀ ਜਾਣ ਵਾਲੀ ਵਸੀਅਤ ਦੇ ਮਾਮਲੇ ਵਿੱਚ ਵਿਸ਼ੇਸ਼ ਪ੍ਰਾਵਧਾਨ ਕੀ ਹਨ?***

ਉੱਤਰ - ਵਸੀਅਤ ਅਤੇ ਵਿਰਾਸਤ ਬਾਰੇ ਮੁਸਲਮਾਨ ਮੁੱਖ ਤੌਰ ਤੇ ਆਪਣੇ ਨਿਜੀ ਕਾਨੂੰਨਾਂ ਦੀ ਪਾਲਣਾ ਕਰਦੇ ਹਨ ਅਤੇ ਸਿਰਫ ਭਾਰਤ ਵਿੱਚ ਆਮ ਉਤਰਾਧਿਕਾਰ ਕਾਨੂੰਨ ਦੇ ਕੁਝ ਵਿਸ਼ੇਸ਼ ਹਿੱਸਾ ਨੂੰ ਹੀ ਭਾਰਤੀ ਉਤਰਾਧਿਕਾਰ ਕਾਨੂੰਨ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ ਜੋ ਉਨ੍ਹਾਂ ਤੇ ਲਾਗੂ ਹੁੰਦੇ ਹਨ। ਆਮ ਨਿਯਮ ਮੁਤਾਬਕ ਮੁਸਲਮਾਨ ਆਪਣੀ ਜਾਇਦਾਦ ਦਾ ਸਿਰਫ 1/3 ਹਿੱਸਾ ਦੀ ਹੀ ਵਸੀਅਤ ਕਰ ਸਕਦੇ ਹਨ ਅਤੇ ਬਾਕੀ ਜਾਇਦਾਦ ਦੀ ਵੰਡ ਸ਼ਰੀਅਤ ਐਕਟ ਦੇ ਮੁਤਾਬਕ ਉੱਤਰਾਧਿਕਾਰ ਦੀ ਜਾਂਚ ਅਨੁਸਾਰ ਕੀਤੀ ਜਾਂਦੀ ਹੈ।

***ਪ੍ਰਸ਼ਨ 32 ਈਸਾਈ, ਪਾਰਸੀ ਅਤੇ ਯਹੂਦੀਆਂ ਦੁਆਰਾ ਕੀਤੀ ਜਾਣ ਵਾਲੀ ਵਸੀਅਤ ਦੇ ਮਾਮਲੇ ਵਿੱਚ ਵਿਸ਼ੇਸ਼ ਪ੍ਰਾਵਧਾਨ ਕੀ ਹਨ?***

ਉੱਤਰ ਈਸਾਈ ਅਤੇ ਪਾਰਸੀ ਦੇ ਮਾਮਲੇ ਵਿੱਚ ਵਸੀਅਤ ਵਿਆਹ ਹੋਣ ਤੇ ਰੱਦ /ਮੁਅੱਤਲ ਹੋ ਜਾਂਦੀ ਹੈ। ਪਾਰਸੀ ਆਪਣੀ ਇੱਛਾ ਮੁਤਾਬਕ ਆਪਣੀ ਪੂਰੀ ਸੰਪਤੀ ਦਾ ਦਾਨ ਕਰ ਸਕਦਾ ਹੈ।

***ਪ੍ਰਸ਼ਨ 33 ਵਸੀਅਤ ਦੀ ਸਰਕਾਰੀ ਤਸਦੀਕ (ਪ੍ਰੋਬੇਟ) ਕੀ ਹੈ? ਕੀ ਇਹ ਸਭ ਵਸੀਅਤਾਂ ਲਈ ਜਰੂਰੀ ਹੈ?***

ਉੱਤਰ - ਸਰਕਾਰੀ ਤਸਦੀਕ (ਪ੍ਰੋਬੇਟ) ਇੱਕ ਤਰ੍ਹਾਂ ਦਾ ਕਾਨੂੰਨੀ ਪ੍ਰਮਾਣ ਹੁੰਦਾ ਹੈ ਜਿਸਨੂੰ ਅੰਤਮ ਵਸੀਅਤ ਦੀ ਵੈਧਤਾ ਬਾਰੇ ਸਾਬਤ ਹੋਣ ਦੇ ਬਾਅਦ ਅਦਾਲਤ ਦੁਆਰਾ ਜਾਰੀ ਕੀਤਾ ਜਾਂਦਾ ਹੈ। ਜਦੋਂ ਅਦਾਲਤ ਵਸੀਅਤ ਦੀ ਸਰਕਾਰੀ ਤਸਦੀਕ (ਪ੍ਰੋਬੇਟ) ਕਰਦੀ ਹੈ ਤਾਂ ਨਿਸ਼ਪਾਦਕ ਵਸੀਅਤ ਨੂੰ ਲਾਗੂ ਕਰਨ ਵਾਸਤੇ ਹੱਕਦਾਰੀ ਲਈ ਜਰੂਰੀ ਕਦਮ ਚੁੱਕ ਸਕਦਾ ਹੈ। ਸਰਕਾਰੀ ਤਸਦੀਕ (ਪ੍ਰੋਬੇਟ) ਹਮੇਸ਼ਾ ਜਰੂਰੀ ਨਹੀਂ ਹੈ, ਹਾਲਾਂਕਿ ਜਦੋਂ ਉੱਚ ਕੀਤਮ ਵਾਲੀ ਬਹੁਤੇਰੀਆਂ ਅਚੱਲ ਸੰਪਤੀਆਂ ਜਾਂ ਜਾਇਦਾਦਾਂ ਹੁੰਦੀਆਂ ਹਨ ਤਾਂ ਮਾਲਿਕਾਨਾ ਹਕ ਦੋਂ ਪਹਿਲਾ ਸਰਕਾਰੀ ਤਸਦੀਕ (ਪ੍ਰੋਬੇਟ) ਕੀਤੀ ਜਾਂਦੀ ਹੈ ਤਾਂਕਿ ਭਵਿੱਖ ਵਿੱਚ ਕੋਈ ਵਿਵਾਦ ਪੈਦਾ ਨਾ ਹੋਵੇ।

***ਪ੍ਰਸ਼ਨ 34 ਕੋਈ ਵਸੀਅਤ ਨਹੀਂ ਹੋਣ ਦੀ ਸਿਥਿਤੀ ਵਿੱਚ ਕੀ ਹੋਵੇਗਾ, ਤਾਂ ਇਸ ਤਰ੍ਹਾਂ ਦੀ ਸਥਿਤੀ ਵਿੱਚ ਕਾਨੂੰਨੀ ਵਾਰਿਸ ਦੀ ਚੋਣ ਕਿਸ ਤਰ੍ਹਾਂ ਕੀਤੀ ਜਾਵੇਗੀ?***

ਉੱਤਰ - 'ਕੋਈ ਵਸੀਅਤ ਨਹੀਂ' ਹੋਣ ਦੀ ਸਥਿਤੀ ਵਿੱਚ, ਜੇ ਸਿਰਫ ਕੁਝ ਚੱਲ ਸੰਪਤੀ ਜਾਂ ਜਾਇਦਾਦਾਂ ਹੁੰਦੀਆਂ ਹਨ ਤਾਂ ਉਤਰਾਧਿਕਾਰ ਦਾ ਪ੍ਰਮਾਣ ਅਦਾਲਤ ਦੁਆਰਾ ਦਿੱਤਾ ਜਾਵੇਗਾ। ਜੇ ਵਿਅਕਤੀ ਨੇ ਆਪਣੇ ਪਿੱਛੇ ਅਚੱਲ ਸੰਪਤੀ ਛੱਡੀ ਹੈ ਤਾਂ ਇਸ ਤਰ੍ਹਾਂ ਦੀ ਸਥਿਤੀ ਵਿੱਚ ਅਦਾਲਤ ਦੁਆਰਾ ਪ੍ਰਸ਼ਾਸਨ ਦਾ ਪੱਤਰ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ।

***ਪ੍ਰਸ਼ਨ 35 ਲਾਭ ਪ੍ਰਾਪਤ ਕਰਤਾ ਅਤੇ ਨਾਮਜਦ ਵਿਅਕਤੀ ਵਿੱਚਕਾਰ ਕੀ ਅੰਤਰ ਹੈ?***

ਉੱਤਰ ਨਾਮਜਦ ਵਿਅਕਤੀ ਸੰਪਤੀ ਦਾ ਸਿਰਫ ਟ੍ਰਸਟੀ ਹੁੰਦਾ ਹੈ ਅਤੇ ਉਸਨੂੰ ਇਹ ਸੰਪਤੀ ਕਾਨੂੰਨੀ ਵਾਰਿਸਾਂ ਨੂੰ ਸੌਂਪਣੀ ਹੈ ਅਤੇ ਲਾਭ ਪ੍ਰਾਪਤਕਰਤਾ ਵਿਅਕਤੀ ਉਹ ਹੈ ਜਿਸਨੂੰ ਵਸੀਅਤ ਦੇ ਮੁਤਾਬਕ ਜਾਇਦਾਦ ਪ੍ਰਾਪਤ ਹੁੰਦੀ ਹੈ।

***ਪ੍ਰਸ਼ਨ 36 ਵਸੀਅਤ ਮੁਤਾਬਕ ਜਾਇਦਾਦ ਦੀ ਵੰਡ ਕਦੋਂ ਕੀਤੀ ਜਾਂਦੀ ਹੈ?***

ਉੱਤਰ ਜਾਇਦਾਦ ਦੀ ਵੰਡ **ਸਿਰਫ ਵਸੀਅਤ ਕਰਨ ਵਾਲੇ ਦੀ ਮੌਤ ਦੇ ਬਾਅਦ** ਕੀਤੀ ਜਾਂਦੀ ਹੈ।

***ਪ੍ਰਸ਼ਨ 37 ਕੀ ਵਸੀਅਤ ਤਿਆਰ ਕਰਨ ਲਈ ਵਕੀਲ ਦੀ ਮਦਦ ਲੈਣਾ ਜ਼ਰੂਰੀ ਹੈ?***

ਉੱਤਰ ਨਹੀਂ, ਸਧਾਰਨ ਵਸੀਅਤ ਤਿਆਰ ਕਰਨ ਵਿੱਚ ਵਿਅਕਤੀ ਨੂੰ ਹਰ ਤਰ੍ਹਾਂ ਦੀ ਸਾਵਧਾਨ ਦਾ ਧਿਆਨ ਰਖਣਾ ਚਾਹੀਦਾ ਹੈ ਅਤੇ ਇਸਨੂੰ ਖੁਦ ਹੀ ਤਿਆਰ ਕਰਦਾ/ਕਰਦੀ ਹੈ, ਹਾਲਾਂਕਿ ਪਰਿਵਾਰ/ਰਿਸ਼ਤੇਦਾਰਾਂ ਵਿਚੋਂ ਵਿਅਰਥ ਦੀ ਗਲਤਫਹਮੀ/ਲੜਾਈ ਤੋਂ ਬਚਣ ਲਈ ਵਸੀਅਤ ਵਿੱਚ ਕੋਈ ਅਸਪਸ਼ਟ ਜਾਂ ਵਿਰੋਧਾਭਾਸੀ ਸ਼ਬਦਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ।